# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ

ਪੁੱਡਾ ਭਵਨ, ਸੈਕਟਰ-62, ਸਾਹਿਬਜ਼ਾਦਾ ਅਜੀਤ ਸਿੰਘ ਨਗਰ

ਸੇਵਾ ਵਿਖੇ,

1. ਮੁੱਖ ਪ੍ਰਸ਼ਾਸ਼ਕ,
   ਗਮਾਡਾ, ਐਸ.ਏ.ਐਸ.ਨਗਰ।
2. ਮੁੱਖ ਪ੍ਰਸ਼ਾਸ਼ਕ,
   ਗਲਾਡਾ, ਲੁਧਿਆਣਾ।
3. ਮੁੱਖ ਪ੍ਰਸ਼ਾਸ਼ਕ,
   ਏ.ਡੀ.ਏ.,ਅੰਮ੍ਰਿਤਸਰ।
4. ਮੁੱਖ ਪ੍ਰਸ਼ਾਸ਼ਕ,
   ਜੇ.ਡੀ.ਏ.,ਜਲੰਧਰ।
5. ਮੁੱਖ ਪ੍ਰਸ਼ਾਸ਼ਕ,
   ਬੀ.ਡੀ.ਏ.ਬਠਿੰਡਾ।
6. ਮੁੱਖ ਪ੍ਰਸ਼ਾਸ਼ਕ,
   ਪੀ.ਡੀ.ਏ.,ਪਟਿਆਲਾ।

ਨੰ: ਪੁੱਡਾ-ਪਾਲਿਸੀ ਸ਼ਾਖਾ-ਸ-5-2015/7908-13 ਮਿਤੀ: 30/3/15

ਵਿਸ਼ਾ: ਇੰਸਟੀਚਿਊਸ਼ਨਲ ਸਾਈਟਾਂ ਦੀ ਅਲਾਟਮੈਂਟ ਪਾਲਿਸੀ ਬਾਰੇ।

ਪੁੱਡਾ ਦੀ ਵਿੱਤ ਤੇ ਲੇਖਾ ਕਮੇਟੀ ਦੀ 51ਵੀਂ ਮੀਟਿੰਗ ਜੋ ਕਿ ਮਿਤੀ 20-7-2006 ਨੂੰ ਹੋਈ ਸੀ, ਵਿੱਚ ਮੱਦ ਨੰ: 51.18 ਰਾਹੀਂ ਇੰਸਟੀਚਿਊਸ਼ਨਲ ਸਾਈਟਾਂ ਦੀ ਅਲਾਟਮੈਂਟ ਬਾਰੇ ਪਾਲਿਸੀ ਬਣਾਈ ਗਈ ਸੀ। ਇਸ ਵਿਸ਼ੇ ਤੇ ਗਮਾਡਾ ਦੀ ਪਲੈਨਿੰਗ ਅਤੇ ਡਿਜਾਇਨ ਕਮੇਟੀ ਵੱਲੋਂ ਇਹ ਤਜਵੀਜ ਕੀਤਾ ਗਿਆ ਕਿ ਅੱਗੇ ਤੋਂ ਜਦੋਂ ਵੀ ਕਿਸੇ ਸੰਸਥਾ ਲਈ 1000 ਵਰਗ ਗਜ ਭੋਂ ਦਿੱਤੀ ਜਾਵੇਗੀ ਤਾਂ ਉਸ ਦੇ ਨਾਲ 1000 ਵਰਗ ਗਜ ਰਕਬਾ ਕਾਮਨ ਪਾਰਕਿੰਗ ਲਈ ਛੱਡਿਆ ਜਾਵੇ।

ਗਮਾਡਾ ਅਥਾਰਿਟੀ ਦੀ ਪਲੈਨਿੰਗ ਐਂਡ ਡਿਜ਼ਾਇਨ ਕਮੇਟੀ ਦੀਆਂ ਉਕਤ ਸਿਫਾਰਸਾਂ ਦੇ ਮਦੇ ਨਜਰ ਮਾਮਲਾ ਪੁੱਡਾ ਦੀ ਵਿੱਤ ਤੇ ਲੇਖਾ ਕਮੇਟੀ ਦੀ

ਮੱਦ ਨੰ 71.06 ਰਾਹੀਂ ਵਿਚਾਰਦੇ ਹੋਏ ਇਹ ਫੈਸਲਾ ਲਿਆ ਗਿਆ ਹੈ ਕਿ ਭਵਿੱਖ ਵਿੱਚ ਕਲਚਰਲ ਐਂਡ ਲਿਟਰੇਰੀ ਐਕਟੀਵਿਟੀਜ ਅਤੇ ਧਾਰਮਿਕ ਸੰਸਥਾਵਾਂ ਨੂੰ ਭੌਂ ਦੀ ਅਲਾਟਮੈਂਟ ਕਰਨ ਸਮੇਂ 1000 ਵਰਗ ਗਜ ਭੌਂ ਦੇ ਨਾਲ ਹੋਰ 1000 ਵਰਗ ਗਜ ਰਕਬਾ ਪਬਲਿਕ ਪਾਰਕਿੰਗ ਵਾਸਤੇ ਰੱਖਣ ਦੀ ਪ੍ਰੋਵੀਜਨ ਕਰਨੀ ਹੋਵੇਗੀ, ਜਿਸ ਦਾ ਲੇ ਆਊਟ ਪਲੈਨ ਸਬੰਧਤ ਅਥਾਰਟੀ ਵੱਲੋਂ ਆਪਣੇ ਪੱਧਰ ਤੇ ਤਿਆਰ ਕੀਤਾ ਜਾਵੇਗਾ ਅਤੇ ਇਹ ਰਕਬਾ ਸਬੰਧਤ ਅਥਾਰਟੀ ਵੱਲੋਂ ਹੀ ਵਿਕਸਿਤ ਕੀਤਾ ਜਾਵੇਗਾ ਅਤੇ ਇਸ ਪਬਲਿਕ ਪਾਰਕਿੰਗ ਤੇ ਕਿਸੇ ਵੀ ਸੰਸਥਾ ਦਾ ਮਾਲਿਕਾਨਾ ਹੱਕ ਨਹੀਂ ਹੋਵੇਗਾ। ਇਹ ਆਪ ਜੀ ਦੀ ਸੂਚਨਾਂ/ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਪ੍ਰਬੰਧਕ ਅਫਸਰ (ਪਾਲਿਸੀ)

ਪਿੱਠ ਅੰਕਣ ਨੰ: ਪੁੱਡਾ-ਪਾਲਿਸੀ ਸ਼ਾਖਾ-ਸ-5-2015/ 7914-15 ਮਿਤੀ: 30/3/15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਮੁੱਖ ਇੰਜੀਨੀਅਰ, ਪੁੱਡਾ, ਐਸ.ਏ.ਐਸ.ਨਗਰ।
2. ਸੀਨੀਅਰ ਨਗਰ ਯੋਜਨਾਕਾਰ, ਪੁੱਡਾ, ਐਸ.ਏ.ਐਸ.ਨਗਰ।

ਪ੍ਰਬੰਧਕ ਅਫਸਰ( ਪਾਲਿਸੀ)